ਭੈਰਉ ਮਹਲਾ ੪ ॥ ਬੋਲਿ ਹਰਿ ਨਾਮੁ ਸਫਲ ਸਾ ਘਰੀ ॥ ਗੁਰ ਉਪਦੇਸਿ ਸਭਿ ਦੁਖ ਪਰਹਰੀ ॥੧॥ ਮੇਰੇ ਮਨ ਹਰਿ ਭਜੁ ਨਾਮੁ ਨਰਹਰੀ ॥ ਕਰਿ ਕਿਰਪਾ ਮੇਲਹੁ ਗੁਰੁ ਪੂਰਾ ਸਤਸੰਗਤਿ ਸੰਗਿ ਸਿੰਧੁ ਭਉ ਤਰੀ ॥੧॥ ਰਹਾਉ ॥ ਜਗਜੀਵਨੁ ਧਿਆਇ ਮਨਿ ਹਰਿ ਸਿਮਰੀ ॥ ਕੋਟ ਕੋਟੰਤਰ ਤੇਰੇ ਪਾਪ ਪਰਹਰੀ ॥੨॥ ਸਤਸੰਗਤਿ ਸਾਧ ਧੂਰਿ ਮੁਖਿ ਪਰੀ ॥ ਇਸਨਾਨੁ ਕੀਓ ਅਠਸਠਿ ਸੁਰਸਰੀ ॥੩॥ ਹਮ ਮੂਰਖ ਕਉ ਹਰਿ ਕਿਰਪਾ ਕਰੀ ॥ ਜਨੁ ਨਾਨਕੁ ਤਾਰਿਓ ਤਾਰਣ ਹਰੀ ॥੪॥੨॥ {ਪੰਨਾ 1134}

ਪਦਅਰਥ:- ਬੋਲਿ—ਬੋਲਿਆ ਕਰ, ਜਪਿਆ ਕਰ। ਸਾ ਘਰੀ—ਉਹ ਘੜੀ। ਉਪਦੇਸਿ—ਉਪਦੇਸ਼ ਦੀ ਰਾਹੀਂ। ਸਭਿ ਦੁਖ—ਸਾਰੇ ਦੁਖ। ਪਰਹਰੀ—ਪਰਹਰਿ, ਦੂਰ ਕਰ ਲੈ।1।

ਮਨ—ਹੇ ਮਨ! ਨਾਮੁ ਨਰਹਰੀ—ਪਰਮਾਤਮਾ ਦਾ ਨਾਮ {ਨਰਹਰੀ—ਨਰਸਿੰਘ}। ਕਰਿ—ਕਰ ਕੇ। ਮੇਲਹੁ—ਤੂੰ ਮਿਲਾਂਦਾ ਹੈ। ਸੰਗਿ—ਨਾਲ। ਸਿੰਧੁ ਭਉ—ਭਵਸਾਗਰ {ਸੰਧੁ—ਸਾਗਰ, ਸਮੁੰਦਰ}। ਤਰੀ—ਤਰ ਜਾਂਦਾ ਹੈ।1। ਰਹਾਉ।

ਜਗ ਜੀਵਨੁ—ਜਗਤ ਦਾ ਆਸਰਾ। ਮਨਿ—ਮਨ ਵਿਚ। ਸਿਮਰੀ—ਸਿਮਰਿ। ਕੋਟੁ—ਕਿਲ੍ਹਾ, ਸਰੀਰ-ਕਿਲ੍ਹਾ {ਇਕ-ਵਚਨ}। ਕੋਟ—{ਬਹੁ-ਵਚਨ} (ਅਨੇਕਾਂ) ਸਰੀਰ। ਕੋਟ ਕੋਟੰਤਰ—ਕੋਟ ਕੋਟ ਅੰਤਰ, ਹੋਰ ਹੋਰ ਅਨੇਕਾਂ ਸਰੀਰ। ਕੋਟ ਕੋਟੰਤਰ ਪਾਪ—ਅਨੇਕਾਂ ਜਨਮਾਂ ਦੇ ਪਾਪ। ਪਰਹਰੀ—ਦੂਰ ਕਰ ਦੇਵੇਗਾ।2।

ਮੁਖਿ—ਮੂੰਹ ਉਤੇ, ਮੱਥੇ ਉਤੇ। ਪਰੀ—ਪੈਂਦੀ ਹੈ। ਅਠਸਠਿ—ਅਠਾਹਠ (ਤੀਰਥ)। ਸੁਰਸਰੀ—ਗੰਗਾ।3।

ਹਮ ਮੂਰਖ ਕਉ—ਮੈਂ ਮੂਰਖ ਉੱਤੇ। ਕਰੀ—ਕੀਤੀ ਹੈ। ਤਾਰਿਓ—ਤਾਰ ਲਿਆ ਹੈ। ਤਾਰਣ ਹਰੀ—ਤਾਰਣਹਾਰ ਹਰੀ ਨੇ।4।

ਅਰਥ:- ਹੇ ਮੇਰੇ ਮਨ! ਹਰੀ ਦਾ, ਪਰਮਾਤਮਾ ਦਾ ਨਾਮ ਜਪਿਆ ਕਰ (ਤੇ, ਆਖਿਆ ਕਰ—ਹੇ ਪ੍ਰਭੂ!) ਕਿਰਪਾ ਕਰ ਕੇ ਜਿਸ ਮਨੁੱਖ ਨੂੰ ਤੂੰ ਪੂਰਾ ਗੁਰੂ ਮਿਲਾਂਦਾ ਹੈਂ ਉਹ ਸਤਸੰਗਤਿ ਨਾਲ (ਮਿਲ ਕੇ ਤੇਰਾ ਨਾਮ ਜਪ ਕੇ) ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ।1। ਰਹਾਉ।

ਹੇ ਮੇਰੇ ਮਨ! ਪਰਮਾਤਮਾ ਦਾ ਨਾਮ ਜਪਿਆ ਕਰ (ਜਿਸ ਘੜੀ ਨਾਮ ਜਪੀਦਾ ਹੈ) ਉਹ ਘੜੀ ਸੁਲੱਖਣੀ ਹੁੰਦੀ ਹੈ। ਹੇ ਮਨ! ਗੁਰੂ ਦੇ ਉਪਦੇਸ਼ ਦੀ ਰਾਹੀਂ (ਹਰਿ-ਨਾਮ ਜਪ ਕੇ ਆਪਣੇ) ਸਾਰੇ ਦੁੱਖ ਦੂਰ ਕਰ ਲੈ।1।

ਹੇ ਭਾਈ! ਜਗਤ ਦੇ ਆਸਰੇ ਪਰਮਾਤਮਾ ਦਾ ਧਿਆਨ ਧਰਿਆ ਕਰ, ਆਪਣੇ ਮਨ ਵਿਚ ਹਰਿ-ਨਾਮ ਸਿਮਰਿਆ ਕਰ। ਪਰਮਾਤਮਾ ਤੇਰੇ ਅਨੇਕਾਂ ਜਨਮਾਂ ਦੇ ਪਾਪ ਦੂਰ ਕਰ ਦੇਵੇਗਾ।2।

ਹੇ ਮੇਰੇ ਮਨ! ਜਿਸ ਮਨੁੱਖ ਦੇ ਮੱਥੇ ਉੱਤੇ ਸਾਧ ਸੰਗਤਿ ਦੀ ਚਰਨ-ਧੂੜ ਲੱਗਦੀ ਹੈ, ਉਸ ਨੇ (ਮਾਨੋ) ਅਠਾਹਠ ਤੀਰਥਾਂ ਦਾ ਇਸ਼ਨਾਨ ਕਰ ਲਿਆ, ਗੰਗਾ ਦਾ ਇਸ਼ਨਾਨ ਕਰ ਲਿਆ।3।

ਹੇ ਭਾਈ! ਸਭ ਨੂੰ ਤਾਰਣ ਦੀ ਸਮਰਥਾ ਵਾਲੇ ਹਰੀ ਨੇ ਮੈਂ ਮੂਰਖ ਉੱਤੇ ਭੀ ਕਿਰਪਾ ਕੀਤੀ, ਤੇ (ਮੈਨੂੰ) ਦਾਸ ਨਾਨਕ ਨੂੰ ਭੀ ਉਸ ਨੇ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਲਿਆ (ਆਪਣਾ ਨਾਮ ਦੇ ਕੇ)।4।2।